## ਗੋਬਿੰਦ ਭਗਤ ਕੈ ਮਨਿ ਬਿਸ੍ਰਾਮ

**ਇਹੁ ਨਿਧਾਨੁ ਜਪੈ ਮਨਿ ਕੋਇ॥**

**ਸਭ ਜੁਗ ਮਹਿ ਤਾ ਕੀ ਗਤਿ ਹੋਇ॥**

ਇਹ ਪਦਾ ਸ੍ਰੀ ਗੁਰੂ ਅਰਜਨ ਸਾਹਿਬ ਦੀ ਬਾਣੀ, ਸੁਖਮਨੀ ਸਾਹਿਬ ਦੀ ੨੪ਵੀਂ ਅਸਟਪਦੀ ਦਾ ੭ਵਾਂ ਪਦਾ ਹੈ। ਇਹ ਪੰਨਾ ੨੯੬ ਤੇ ਸੁਭਾਇਮਾਨ ਹੈ।

- - ਇਸ ਪਦੇ ਦੀ ਪਹਿਲੀ ਪੰਕਤੀ ਵਿਚ, ਪਾਤਸ਼ਾਹ ਫ਼ੁਰਮਾਣ ਕਰ ਰਹੇ ਹਨ ਕਿ, ਪ੍ਰਭੂ ਦੇ ਨਾਮ ਦਾ ਸਿਮਰਣ, ਇਕ ਖਜ਼ਾਨਾ ਹੈ ਅਤੇ ਨਾਮ ਕੋਈ ਵਿਰਲਾ ਹੀ ਜਪਦਾ ਹੈ। ਇਹ, ਨਾਮ ਰੂਪੀ ਖਜ਼ਾਨਾ ਉਸੇ ਨੂੰ ਪ੍ਰਾਪਤ ਹੁੰਦਾ ਹੈ, ਜਿਸ ਦੇ ਵਡੇ ਭਾਗ ਹੋਣ - 'ਏਹੁ ਨਿਧਾਨੁ ਜਪੈ ਵਡਭਾਗੀ ਜੀਉ॥'

ਸ੍ਰੀ ਗੁਰੂ ਅਮਰਦਾਸ ਸਾਹਿਬ, ੧੧੧ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਸਾਧੂ-ਗੁਰੂ ਦੀ ਸੇਵਾ ਕਰਦੇ ਹਨ, ਉਹ ਹਰ ਜੁਗ ਵਿਚ ਸੋਭਾ ਪਾਉਂਦੇ ਹਨ - 'ਗੁਰ ਸੇਵਾ ਤੇ ਜੁਗ ਚਾਰੇ ਜਾਤੇ॥'

- - ਜੋ ਵੀ ਪ੍ਰਾਣੀ, ਇਸ ਨਾਮ ਦਾ ਸਿਮਰਣ ਕਰਦਾ ਹੈ, ਇਹ ਖਜ਼ਾਨਾ ਇਕੱਠਾ ਕਰਦਾ ਹੈ, ਹਰ ਜੁਗ ਵਿਚ, ਉਹ ਪਰਮ ਗਤੀ ਨੂੰ ਪ੍ਰਾਪਤ ਹੁੰਦਾ ਹੈ।

ਸ੍ਰੀ ਗੁਰੂ ਅਮਰਦਾਸ ਸਾਹਿਬ, ਪੰਨਾ ੧੫੯ ਤੇ, ਫ਼ੁਰਮਾਣ ਕਰਦੇ ਹਨ ਕਿ ਜਿਸ ਨੇ ਵੀ ਉਸ ਜਗ ਦੇ ਮਾਲਕ ਦਾ ਨਾਮ ਜਪਿਆ ਹੈ ਉਹ ਹਰ ਜੁਗ ਵਿਚ ਜਾਣਿਆ ਜਾਂਦਾ ਹੈ - 'ਜਗਜੀਵਨੁ ਸੇਵਿ ਜੁਗ ਚਾਰੇ ਜਾਤਾ॥'

**ਗੁਣ ਗੋਬਿੰਦ ਨਾਮ ਧੁਨਿ ਬਾਣੀ॥**

**ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ॥**

- - ਗੋਬਿੰਦ, ਵਾਹਗੁਰੂ ਦੇ ਗੁਣਾਂ ਦੇ ਉਚਾਰਣ ਕਰਨਾ, ਇਕ ਧੁਨੀ ਪ੍ਰਗਟ ਕਰਦਾ ਹੈ, ਇਹ ਅਨਹਦ ਧੁਨਿ ਹੈ, ਜੋ ਹਰ ਪਾਸੇ ਰਮੀ ਹੋਈ ਹੈ।

ਸੁਖਮਨੀ ਸਾਹਿਬ ਵਿਚ ਹੀ ਫ਼ੁਰਮਾਣ ਹੈ ਕਿ ਪ੍ਰਭੂ ਦੇ ਸਿਮਰਨ ਨਾਲ, ਅਨਹਦ ਸ਼ਬਦ, ਸਿਮਰਨ ਦੀ ਝੁਨਕਾਰ ਸੁਣਨ ਲਗ ਪੈਂਦੀ ਹੈ - 'ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ॥'

ਸਾਧੂ ਦੀ ਸੰਗਤਿ ਕਰਣ ਨਾਲ ਇਹ ਧੁਨੀ ਸੁਣਨ ਲਗ ਜਾਂਦੀ ਹੈ, ਜਿਵੇਂ ਕਬੀਰ ਸਾਹਿਬ ਦਸ ਰਹੇ ਹਨ - 'ਤੇਰੇ ਦੁਆਰੈ ਧੁਨਿ ਸਹਜ ਕੀ ਮਾਥੈ ਮੇਰੇ ਦਗਾਈ॥' ਭਗਤ ਨਾਮਦੇਵ ਜੀ ਨਾਮ ਜਪਣ ਦੀ ਇਸ ਅਵੱਸਥਾ ਦਾ ਬਿਆਨ ਕਰਦੇ ਹਨ ਕਿ ਜਦੋਂ ਕੋਈ ਨਾਮ ਜਪਦਿਆਂ, ਉਸ ਤੱਤ ਦੀ ਅਸਲ ਵਿਚਾਰ ਤੇ ਪੁਜ ਜਾਂਦਾ ਹੈ ਤਾਂ ਉਸਦੇ ਅੰਦਰ ਇਹ ਧੁਨੀ, ਅਣਮੜਿਆ ਢੋਲ ਵਜ ਪੈਂਦਾ ਹੈ। ਉਸਦੇ ਅੰਦਰ, ਸਾਵਣ ਤੋਂ ਬਿਨਾਂ ਬੱਦਲ ਗਰਜਦੇ ਹਨ। ਬਿਨਾਂ ਬਦਲਾਂ ਦੇ, ਨਾਮ ਵਾਲੀ ਬਰਖਾ ਹੋਣ ਲਗ ਪੈਂਦੀ ਹੈ - 'ਅਣਮੜਿਆ ਮੰਦਲੁ ਬਾਜੈ॥ ਬਿਨੁ ਸਾਵਣ ਘਨਹਰੁ ਗਾਜੈ॥ ਬਾਦਲ ਬਿਨੁ ਬਰਖਾ ਹੋਈ॥ ਜਉ ਤਤੁ ਬਿਚਾਰੈ ਕੋਈ॥' ਇਹ ਤਦ ਹੋ ਸਕਿਆ ਜਦੋਂ ਚੇਲੇ ਦਾ ਮਨ ਆਪਣੇ ਗੁਰੂ ਨਾਲ ਮੰਨ ਗਿਆ ਫ਼ਿਰ ਤੱਤ ਦੀ ਪਛਾਣ ਹੋ ਗਈ - 'ਗੁਰ ਚੇਲੇ ਹੈ ਮਨੁ ਮਾਨਿਆ॥ ਜਨ ਨਾਮੈ ਤਤੁ ਪਛਾਨਿਆ॥', ਪੰਨਾ ੬੫੭. ਇੰਵ ਵੀ ਫ਼ੁਰਮਾਣ ਕਰਦੇ ਹਨ ਕਿ ਉਹ ਧੁਨੀ, ਨਾਦ, ਗੁਰੂ ਕਿਰਪਾ ਸਦਕਾ, ਮੇਰੇ ਹਿਰਦੇ ਵਿਚ ਸਮਾ ਗਈ ਹੈ, ਮੈਨੂੰ, ਸਚੇ ਗੁਰੂ ਦੀ ਕਿਰਪਾ ਨਾਲ, ਉਸ ਦੇਵ, ਪ੍ਰਭੂ ਦੇ ਦਰਸ਼ਨ ਹੋ ਗਏ ਹਨ, ਜਿਸ

ਨਾਲ, ਚੁੰਧਿਆਉਣ ਵਾਲਾ ਚਾਨਣ ਦਿਸਦਾ ਹੈ ਅਤੇ ਅਨਹਦ ਸ਼ਬਦ ਵਜਣ ਲਗ ਪਿਆ ਹੈ – 'ਨਾਦਿ ਸਮਾਇਲੋ ਰੇ ਸਤਿਗੁਰੁ ਭੇਟਿਲੇ ਦੇਵਾ॥.. ਜਹ ਝਿਲਿ ਮਿਲਿ ਕਾਰੁ ਦਿਸੰਤਾ॥ ਤਹ ਅਨਹਦ ਸਬਦ ਬਜੰਤਾ॥..'

ਸ੍ਰੀ ਗੁਰੂ ਨਾਨਕ ਸਾਹਿਬ ਦਾ, ਪੰਨਾ ੧੦੧੩ ਤੇ, ਫ਼ੁਰਮਾਣ ਹੈ ਕਿ ਪ੍ਰਭੂ ਦੇ ਨਾਮ ਦੀ ਧੁਨੀ ਤੋਂ ਨਿਕਲੇ ਬੋਲਾਂ ਵਿਚ ਸਾਰੇ ਸੁਖ ਅਤੇ ਮੁਕਤੀ ਮੌਜੂਦ ਹਨ, ਜੋ ਮਨੁਖ ਸਚ, ਭਾਵ, ਪ੍ਰਭੂ ਦਾ ਨਾਮ, ਆਪਣੇ ਹਿਰਦੇ ਵਿਚ ਧਾਰਣ ਕਰਦਾ ਹੈ ,ਉਸ ਨੂੰ ਪ੍ਰਾਪਤ ਹੁੰਦੇ ਹਨ – 'ਸਭਿ ਸੁਖ ਮੁਕਤਿ ਨਾਮ ਧੁਨਿ ਬਾਣੀ ਸਚੁ ਨਾਮੁ ਉਰ ਧਾਰੀ॥'

– – ਸਿਮਰਤੀਆਂ, ਸ਼ਾਸਤਰਾਂ, ਵੇਦਾਂ ਆਦਿ ਧਰਮ ਗ੍ਰੰਥਾਂ ਨੇ ਵੀ ਇਸੇ ਧੁਨੀ ਤੋਂ, ਪ੍ਰਭੂ ਦੇ ਗੁਣਾਂ ਦਾ ਬਿਆਨ ਕੀਤਾ ਹੈ।

ਪਾਤਸ਼ਾਹ, ਪੰਨਾ ੨੦੨ ਤੇ ਫ਼ੁਰਮਾਉਂਦੇ ਹਨ ਕਿ ਸਾਰੇ ਵੇਦ, ਸ਼ਾਸਤਰ ਅਤੇ ਸਿਮਰਤੀਆਂ ਆਦਿ ਧਰਮ ਗ੍ਰੰਥਾਂ ਦਾ ਇਹੀ ਉਪਦੇਸ਼ ਹੈ ਕਿ ਪ੍ਰਭੂ ਦਾ ਨਾਮ ਜਪਣ ਵਾਲੇ ਦੇ ਮਨ ਵਿਚ ਪ੍ਰਭੂ ਆ ਵਸਦਾ ਹੈ – 'ਸਿੰਮ੍ਰਿਤਿ ਸਾਸਤ ਬੇਦ ਬਖਾਨੇ॥.. ਨਾਮੁ ਜਪਤ ਪ੍ਰਭ ਸਿਉ ਮਨ ਮਾਨੇ॥'

ਵੈਸੇ, ਇਨ੍ਹਾਂ ਗ੍ਰੰਥਾਂ ਨੇ ਵੀ ਉਸੇ ਧੁਨੀ ਤੋਂ ਪਤਾ ਲੱਗਣ ਵਾਲੇ ਪ੍ਰਭੂ ਦੇ ਗੁਣਾਂ ਨੂੰ ਸ਼੍ਰੁਤੀ ਕਿਹਾ ਹੈ। ਗੁਰਬਾਣੀ ਵਿਚ ਇਸ ਅਨਹਦ ਧੁਨੀ ਤੋਂ ਪਤਾ ਲਗਣ ਵਾਲੇ, ਪ੍ਰਭੂ ਦੇ ਗੁਣਾਂ ਦੇ ਸ਼ਾਬਦਿਕ ਬਿਆਨ ਨੂੰ 'ਧੁਰ ਕੀ ਬਾਣੀ' ਕਿਹਾ ਹੈ।

**ਸਗਲ ਮਤਾਂਤ ਕੇਵਲ ਹਰਿ ਨਾਮ॥**

**ਗੋਬਿੰਦ ਭਗਤ ਕੈ ਮਨਿ ਬਿਸ੍ਰਾਮ॥**

– – ਉਪਰ ਦਿਤੇ ਸਾਰੇ ਧਰਮ ਗ੍ਰੰਥ ਦਾ ਇਕ ਹੀ ਮੱਤ ਹੈ ਉਹ ਹੈ ਹਰੀ ਦਾ ਨਾਮ।

ਸ੍ਰੀ ਗੁਰੂ ਅਰਜਨ ਸਾਹਿਬ, ਪੰਨਾ ੨੫੪ ਤੇ, ਫ਼ੁਰਮਾਣ ਕਰਦੇ ਹਨ ਕਿ ਸਾਰੇ ਧਰਮਾਂ ਦਾ ਇਹੀ ਮੱਤ ਹੈ ਕਿ ਵਾਹਗੁਰੂ, ਸੰਤ ਦੀ ਸਿਖਿਆ ਤੇ ਅਮਲ ਕਰ ਕੇ ਆਪ ਹੀ ਪ੍ਰਗਟ ਹੋ ਜਾਂਦਾ ਹੈ – 'ਪ੍ਰਗਟ ਭਏ ਆਪਹਿ ਗੁੋਬਿੰਦ ਨਾਨਕ ਸੰਤ ਮਤਾਂਤ॥' ਸੁਖਮਨੀ ਸਾਹਿਬ ਵਿਚ ਹੀ ਫ਼ੁਰਮਾਣ ਹੈ ਕਿ ਸਾਧੂ ਦੀ ਕਿਰਪਾ ਨਾਲ ਹੀ ਨਾਮ ਰੂਪੀ ਰਤਨ ਦੀ ਪ੍ਰਾਪਤੀ ਹੁੰਦੀ ਹੈ – 'ਸਾਧ ਕੈ ਸੰਗਿ ਪਾਏ ਨਾਮ ਰਤਨੁ॥'

– – ਨਾਲ ਹੀ ਇਹ ਮੱਤ ਵੀ ਹੈ ਕਿ ਗੋਬਿੰਦ, ਪ੍ਰਭੂ ਦਾ ਨਾਮ ਦਾ ਨਿਵਾਸ ਸਥਾਨ ਭਗਤ ਜਨਾਂ ਦਾ ਹਿਰਦਾ, ਮਨ ਹੀ ਹੈ।

ਇਹੀ, ਤੱਥ, ਸੁਖਮਨੀ ਸਾਹਿਬ ਦੀ 'ਰਹਾਉ' ਦੀ ਪੰਕਤੀ ਵਿਚ ਦਸਿਆ ਗਿਆ ਹੈ ਕਿ ਸੁਖਾਂ ਦੀ ਮਣੀ, ਭਾਵ, ਖਜ਼ਾਨਾ, ਪ੍ਰਭੂ ਦਾ ਅੰਮ੍ਰਿਤ ਮਈ ਨਾਮ ਹੈ ਅਤੇ ਇਹ ਨਾਮ ਭਗਤਾਂ ਦੇ ਹਿਰਦੇ, ਮਨ ਵਿਚ ਨਿਵਾਸ ਕਰਦਾ ਹੈ – 'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥' 'ਰਹਾਉ' ਦੀ ਪੰਕਤੀ ਹੀ ਹਰ ਸ਼ਬਦ ਦਾ ਸਾਰ, gist ਹੁੰਦੀ ਹੈ। ਬਾਕੀ ਸਾਰਾ ਸ਼ਬਦ ਉਸੇ ਪੰਕਤੀ ਦੇ ਦੁਆਲੇ ਘੁੰਮਦਾ ਹੈ। ਇਸੇ ਤਰ੍ਹਾਂ ਸਾਰੀ ਸੁਖਮਨੀ ਸਾਹਿਬ ਵੀ ਆਪਣੀ 'ਰਹਾਉ' ਦੀ ਪੰਕਤੀ ਦੁਆਲੇ ਹੀ ਘੁੰਮਦੀ ਹੈ। ਸਪੱਸ਼ਟ ਹੈ ਕਿ ਜਿਸ ਨੇ ਵੀ ਨਾਮ ਦੀ ਪ੍ਰਾਪਤੀ ਕਰਨੀ ਹੋਵੇ, ਉਹ, ਭਗਤਾਂ ਦੇ ਹਿਰਦੇ ਤਕ ਪਹੁੰਚ ਕਰੇ। ਭਗਤਾਂ ਦੇ ਹਿਰਦੇ ਤਕ ਪੁਜ ਕੇ ਵਾਹਗੁਰੂ ਦੀ ਪ੍ਰਾਪਤੀ ਸੰਭਵ ਹੋ ਜਾਂਦੀ ਹੈ, ਕਿਉਂਕਿ, ਵਾਹਗੁਰੂ ਭਗਤਾਂ ਦੇ ਵਸ ਵਿਚ ਹੈ 'ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥', ਪੰਨਾ ੯੬੨. ਭਗਤ ਨਾਮਦੇਵ ਜੀ ਨੂੰ ਪਰਮੇਸ਼ਰ ਨੇ

ਖ਼ੁਦ ਫ਼ੁਰਮਾਣ ਕੀਤਾ ਕਿ ਉਹ ਭਗਤ ਉਨ੍ਹਾਂ ਦੇ ਹਿਰਦੇ ਵਿਚ ਵਸਦਾ ਹੈ ਜਿਸ ਨੂੰ ਵੇਖ ਕੇ ਨਾਰਾਇਣ ਜੀ ਖ਼ੁਸ਼ ਹੁੰਦੇ ਹਨ - 'ਏਕੁ ਭਗਤੁ ਮੇਰੇ ਹਿਰਦੇ ਬਸੈ॥ ਨਾਮੇ ਦੇਖਿ ਨਰਾਇਨੁ ਹਸੈ॥', ਪੰਨਾ ੧੧੬੩.

**ਕੋਟਿ ਅਪ੍ਰਾਧ ਸਾਧ ਸੰਗਿ ਮਿਟੈ॥**

**ਸੰਤ ਕ੍ਰਿਪਾ ਤੇ ਜਮ ਤੇ ਛੁਟੈ॥**

-- ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਸਾਧੂ ਦੀ ਸੰਗਤਿ ਕਰਣ ਨਾਲ ਕਰੋੜਾਂ ਪਾਪ, ਅਪਰਾਧ ਮਿਟ ਜਾਂਦੇ ਹਨ, ਖਤਮ ਹੋ ਜਾਂਦੇ ਹਨ।

-- ਪਰਮੇਸ਼ਰ ਦੇ ਸੰਤ ਦੀ ਕਿਰਪਾ ਸਦਕਾ ਜਮਾਂ ਤੋਂ ਵੀ ਛੁਟਕਾਰਾ ਮਿਲ ਜਾਂਦਾ ਹੈ।

ਪੰਚਮ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਸੰਤਾਂ ਵਰਗਾ ਹੋਰ ਕੋਈ ਨਹੀਂ। ਉਨ੍ਹਾਂ ਦੀ ਸੰਗਤਿ ਕਰਣ ਨਾਲ ਕਰੋੜਾਂ ਪਾਪ, ਅਪਰਾਧ ਕਰਣ ਵਾਲੇ ਦਾ ਵੀ ਉਧਾਰ ਹੋ ਜਾਂਦਾ ਹੈ ਅਤੇ ਜਮ ਦੂਤ ਉਸ ਦੇ ਨੇੜੇ ਵੀ ਨਹੀਂ ਆ ਸਕਦੇ - 'ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ॥..ਕੋਟਿ ਅਪ੍ਰਾਧੀ ਸੰਤ ਸੰਗਿ ਉਧਰੈ ਜਮੁ ਤਾ ਕੈ ਨੇੜਿ ਨ ਆਵੈ॥' ਸੁਖਮਨੀ ਸਾਹਿਬ ਵਿਚ ਹੀ ਫ਼ੁਰਮਾਣ ਹੈ ਕਿ ਜੇ ਮਨੁਖ ਨੂੰ ਜਨਮ ਮਰਣ ਦਾ ਡਰ ਸਤਾਏ ਤਾਂ ਉਹ ਸੰਤ ਜਨਾਂ ਦੀ ਸੰਗਤ ਵਿਚ ਆ ਜਾਏ - 'ਜੇ ਕੋ ਜਨਮ ਮਰਣ ਤੇ ਡਰੈ॥ ਸਾਧ ਜਨਾ ਕੀ ਸਰਨੀ ਪਰੈ॥' ਪਾਤਸ਼ਾਹ, ੨੧੪ ਪੰਨੇ ਤੇ ਦਸਦੇ ਹਨ ਕਿ ਜਦੋਂ, ਸਾਧੂ, ਆਪਣੀ ਕਿਰਪਾ ਭਰਿਆ ਹਥ, ਸਾਡੇ ਮਸਤੱਕ ਤੇ ਰਖ ਦਿੰਦਾ ਹੈ ਤਾਂ ਸਾਡਾ ਜਨਮ ਮਰਣ ਦਾ ਗੇੜ ਮੁਕ ਜਾਂਦਾ ਹੈ - 'ਜਉ ਸਾਧੂ ਕਰੁ ਮਸਤਕਿ ਧਰਿਓ ਤਬ ਹਮ ਮੁਕਤ ਭਏ॥'

**ਜਾ ਕੈ ਮਸਤਕਿ ਕਰਮ ਪ੍ਰਭਿ ਪਾਏ॥**

**ਸਾਧ ਸਰਣਿ ਨਾਨਕ ਤੇ ਆਏ॥੭॥**

-- ਆਖਰੀ ਪਦੇ ਵਿਚ, ਪਾਤਸ਼ਾਹ ਦਸਦੇ ਹਨ ਕਿ, ਪ੍ਰਭੂ, ਆਪ, ਜਿਸਦੇ ਮਸਤੱਕ ਤੇ ਲੇਖ ਲਿਖਦਾ ਹੈ

-- ਉਹ ਮਨੁਖ ਹੀ ਸਾਧੂ ਜਨ ਦੀ ਸ਼ਰਣ ਵਿਚ ਆਉਂਦਾ ਹੈ।

ਪਾਤਸ਼ਾਹ, ੬੭੬ ਪੰਨੇ ਤੇ ਫ਼ੁਰਮਾਣ ਕਰਦੇ ਹਨ ਕਿ ਸਾਧੂ ਦੀ ਸੰਗਤਿ ਕਰਣ ਨਾਲ ਅਨੰਦ ਵਿਚ ਵਾਸਾ ਹੋ ਜਾਂਦਾ ਹੈ ਪਰ ਉਨ੍ਹਾਂ ਦੀ ਸੰਗਤਿ ਮਿਲਦੀ ਉਨ੍ਹਾਂ ਨੂੰ ਹੈ, ਜਿਸ ਦੇ ਧੁਰ ਤੋਂ ਭਾਗ ਲਿਖੇ ਗਏ ਹੋਣ - 'ਸਾਧ ਸਭਾ ਮਹਿ ਅਨਦ ਬਿਸ੍ਰਾਮ॥ ਉਨ ਸੰਗੁ ਸੋ ਪਾਏ ਜਿਸੁ ਮਸਤਕਿ ਕਰਾਮ॥', ੭੧੩ ਪੰਨੇ ਤੇ ਫ਼ੁਰਮਾਣ ਕਰਦੇ ਹਨ ਕਿ ਸੰਤ ਦੀ ਸੇਵਾ ਟਹਿਲ, ਉਹੀ ਕਮਾ ਸਕਦਾ ਹੈ,ਉਸੇ ਨੂੰ ਮਿਲਦੀ ਹੈ, ਜਿਸ ਦੇ ਮਸਤੱਕ ਤੇ ਧੁਰ ਤੋਂ ਭਾਗ ਲਿਖਿਆ ਹੋਵੇ - 'ਸੰਤ ਟਹਲ ਸੋਈ ਹੈ ਲਾਗਾ ਜਿਸੁ ਮਸਤਕਿ ਲਿਖਿਆ ਲਿਖੋਗੁ॥'

